**ਪੰਜਾਬ ਸਰਕਾਰ**

**ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ ਪੰਜਾਬ, ਚੰਡੀਗੜ੍ਹ**

**ਦਫਤਰੀ ਹੁਕਮ**

ਨੰਬਰ ਈ-3(1)ਪੰ:2024/ ਮਿਤੀ, ਚੰਡੀਗੜ੍ਹ:

ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਅੱਛੀਆਂ ਸਿਹਤ ਸਹੂਲਤਾਂ ਮੁਹੱਈਆ ਕਰਨ ਹਿੱਤ ਕਈ ਪ੍ਰੋਗਰਾਮ ਚਲਾਏ ਜਾ ਰਹੇ ਹਨ ਅਤੇ ਇਸ ਮੰਤਵ ਲਈ ਸਮੇਂ-ਸਮੇਂ ਸਿਰ ਨਵੇਂ ਕਦਮ (intiative) ਵੀ ਚੁੱਕੇ ਜਾਂਦੇ ਹਨ । ਸਰਕਾਰ ਵੱਲੋਂ ਕੀਤੇ ਜਾਂਦੇ ਉਪਰਾਲਿਆਂ ਦੀ ਪੂਰਨ ਸਫਲਤਾ ਲਈ ਰਾਜ ਦੀਆਂ ਸਮੂਹ ਸਿਹਤ ਸੰਸਥਾਵਾਂ ਦੀ ਸ਼ਮੂਲੀਅਤ, ਆਪਸੀ ਤਾਲਮੇਲ ਅਤੇ ਜਵਾਬਦੇਹੀ ਦੀ ਜਰੂਰਤ ਹੁੰਦੀ ਹੈ। ਪ੍ਰੰਤੂ ਕਈ ਜਿਲ੍ਹਿਆਂ, ਜਿਨ੍ਹਾਂ ਵਿੱਚ ਸਿਵਲ ਸਰਜਨ ਅਤੇ ਮੈਡੀਕਲ ਸੁਪਰਡੰਟ ਦੀਆਂ ਅਸਾਮੀਆਂ ਮਨਜ਼ੂਰਸ਼ੁਦਾ ਹਨ, ਵਿੱਚ ਇਹ ਅਸਾਮੀਆਂ ਇਕ ਸਮਾਨ ਤਨਖਾਹ ਸਕੇਲ(ਸਟੇਟਸ) ਦੀਆਂ ਹੋਣ ਕਰਕੇ ਆਪਸੀ ਤਾਲਮੇਲ/ਜਵਾਬਦੇਹੀ ਨਿਸਚਿਤ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ।

ਉਪਰੋਕਤ ਸਥਿਤੀ ਦੇ ਸਨਮੁੱਖ, ਜਿਨ੍ਹਾਂ ਜਿਲ੍ਹਿਆਂ ਵਿੱਚ ਸਿਵਲ ਸਰਜਨ ਅਤੇ ਮੈਡੀਕਲ ਸੁਪਰਡੰਟ, ਦੋਵੇਂ ਅਸਾਮੀਆਂ ਮੌਜੂਦ ਹਨ, ਵਿੱਚ ਆਪਸੀ ਤਾਲਮੇਲ ਅਤੇ ਜਵਾਬਦੇਹੀ ਨਿਸਚਿਤ ਕਰਨ ਸਬੰਧੀ ਮਾਮਲਾ ਵੱਖ-ਵੱਖ ਪਹਿਲੂਆਂ ਤੋਂ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾਂ ਜਿਲ੍ਹਿਆਂ ਵਿੱਚ ਮੈਡੀਕਲ ਸੁਪਰਡੰਟ ਅਤੇ ਸਿਵਲ ਸਰਜਨ ਦੋਵੇਂ ਅਸਾਮੀਆਂ ਮਨਜ਼ੂਰਸ਼ੁਦਾ ਹਨ, ਵਿੱਚ ਸਰਕਾਰ ਵੱਲੋਂ ਚਲਾਏ ਜਾਂਦੇ ਪ੍ਰੋਗਰਾਮਾਂ/ਕੀਤੀਆਂ ਜਾਂਦੀਆਂ ਹਦਾਇਤਾਂ ਲਈ ਸਬੰਧਿਤ ਜਿਲ੍ਹੇ ਦਾ ਸਿਵਲ ਸਰਜਨ ਪ੍ਰਬੰਧਕੀ ਤੌਰ ਤੇ ਓਵਰਆਲ ਇੰਚਾਰਜ ਅਤੇ ਜਵਾਬਦੇਹ ਹੋਵੇਗਾ । ਸਬੰਧਿਤ ਜਿਲ੍ਹੇ ਦੇ ਮੈਡੀਕਲ ਸੁਪਰਡੰਟ ਵੱਲੋਂ ਜਿਲ੍ਹੇ/ਸੰਸਥਾ ਦੇ ਓਵਰਆਲ ਕੰਮ ਲਈ ਸਿਵਲ ਸਰਜਨ ਨੂੰ ਪੂਰਾ ਸਹਿਯੋਗ ਦਿੱਤਾ/ਤਾਲਮੇਲ ਰੱਖਿਆ ਜਾਵੇਗਾ।

ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਦੋਵੇਂ ਅਸਾਮੀਆਂ ਸੇਵਾ ਨਿਯਮਾਂ/ਪੇਅ ਸਕੇਲ ਅਨੁਸਾਰ ਇੱਕ ਸਮਾਨ ਹਨ ਅਤੇ ਇਹ ਫੈਸਲਾ ਕੇਵਲ ਤੇ ਕੇਵਲ ਪ੍ਰਬੰਧਕੀ ਤੌਰ ਤੇ ਵਿਭਾਗ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਲਿਆ ਗਿਆ ਹੈ ਅਤੇ ਕਿਸੇ ਰੂਪ ਵਿੱਚ ਉਕਤ ਅਸਾਮੀਆਂ ਦੀ ਆਪਸੀ ਸਥਿਤੀ ਨੂੰ ਪ੍ਰਭਾਵਿਤ ਨਹੀਂ ਕਰੇਗਾ ਅਤੇ ਪਹਿਲਾਂ ਦੀ ਸਥਿਤੀ/ਸਟੇਟਸ ਬਰਕਰਾਰ ਰਹੇਗਾ।

ਇਹ ਹੁਕਮ ਮਾਨਯੋਗ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ**

ਪਿਠ ਅੰਕਣ ਨੰਬਰ ਈ-3(1)ਪੰ:2024/ 6330-35 ਮਿਤੀ, ਚੰਡੀਗੜ੍ਹ: 7-11-2024

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-1 ਸ਼ਾਖਾ), ਚੰਡੀਗੜ੍ਹ ਨੂੰ, (ਸਮੇਤ ਨੋਟਿੰਗ/ਈ-ਆਫਿਸ ਮਿਸਲ ਦੀ ਕਾਪੀ ਦੇ)।
2. ਮਿਸ਼ਨ ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ ਪੰਜਾਬ (ਪਰਿਆਸ ਭਵਨ), ਸੈਕਟਰ-38 ਚੰਡੀਗੜ੍ਹ।
3. ਮੈਨੇਜਿੰਗ ਡਾਇਰੈਕਟਰ, ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ, ਐਸ.ਏ.ਐਸ.ਨਗਰ।
4. ਡਾਇਰੈਕਟਰ, ਸਿਹਤ ਸੇਵਾਵਾਂ (ਪਭ) ਪੰਜਾਬ ਅਤੇ ਡਾਇਰੈਕਟਰ, ਸਿਹਤ ਸੇਵਾਵਾਂ (ਸਭ) ਪੰਜਾਬ, ਚੰਡੀਗੜ੍ਹ।
5. ਸਬੰਧਿਤ ਸਿਵਲ ਸਰਜਨ ਅਤੇ ਮੈਡੀਕਲ ਸੁਪਰਡੰਟ, ਪੰਜਾਬ ਰਾਜ।
6. ਸਿਸਟਮ ਐਨਾਲਿਸਟ, ਦਫਤਰ ਡੀ.ਐਚ.ਐਸ.ਪੰਜਾਬ ਨੂੰ ਸਿਹਤ ਵਿਭਾਗ ਪੰਜਾਬ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।

**ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ**

05/11/2024